www.ajdiawaaz.com

info@ajdiawaaz.com
awaaznewsdesk@gmail.com

# ਅੱਜ ਦੀ ਆਵਾਜ਼

ਕੀਮਤ 2 ਰੁਪਏ

• ਜਲੰਧਰ 5 ਜੁਲਾਈ, 2010 ਸੋਮਵਾਰ • 21 ਹਾੜ ਨਾਨਕਸ਼ਾਹੀ ਸੰਮਤ 542 • ਸਾਲ 26 • ਅੰਕ ਨੰ. 83 •ਟੈਲੀਫੋਨ ਨੰ.0181- 4626370, 2235707, ਫੈਕਸ ਨੰ. : 0181-2225427, 2235427 • Postel Regd. No. PB/0007/09-2011



ਆਜ਼ਾਦੀ ਸੰਗਰਾਮ ਵਿੱਚ ਆਪਣਾ ਜੀਵਨ ਬਲੀਦਾਨ ਕਰਨ ਵਾਲੇ ਕੌਮ ਦੇ ਮਹਾਨ ਸ਼ਹੀਦ ਭਾਈ ਮਹਾਰਾਜ ਸਿੰਘ ਜੀ ਦੀ ਸਾਲਾਨਾ ਬਰਸੀ ਮੌਕੇ ਵਿਸ਼ੇਸ਼ ਲੇਖ ਸਫ਼ਾ ਚਾਰ 'ਤੇ ਪੜ੍ਹੋ





ਸ਼ਹਿਰ ਤੇ ਆਸ ਪਾਸ
ਸ਼੍ਰੋਮਣੀ ਕਮੇਟੀ ਦੀਆਂ ਵੋਟਾਂ 3

ਸੰਪਾਦਕੀ
ਉੱਚ-ਸਿੱਖਿਆ ਲਈ ਦਾਖਲੇ ਵਧਾਉਣ ਦਾ ਯਤਨ 4



ਦੇਸ਼ ਦੁਨੀਆਂ
ਕੇਂਦਰ ਨੂੰ ਉਸ ਦੀਆਂ ਨਾਕਾਮੀਆਂ ਦਾ ਅਹਿਸਾਸ 8

# ਬੁੱਧਵਾਰ ਤੱਕ ਪੂਰੇ ਦੇਸ਼ 'ਚ ਪੁੱਜ ਜਾਵੇਗੀ ਮਾਨਸੂਨ

## ਭਰਵੀਂ ਬਾਰਿਸ਼ ਦੇ ਅਨੁਮਾਨ ਨਾਲ ਖੇਤੀ ਸੈਕਟਰ 'ਚ ਖ਼ੁਸ਼ੀ ਦੀ ਲਹਿਰ

ਚੰਡੀਗੜ੍ਹ, 4 ਜੁਲਾਈ (ਹਰੀਸ਼ ਚੰਦਰ ਬਾਗਾਵਾਲਾ)-ਅੱਜ ਦੁਪਹਿਰ ਸਮੇਂ ਚੰਡੀਗੜ੍ਹ ਅਤੇ ਇਸ ਦੇ ਆਸ-ਪਾਸ ਇਲਾਕਿਆਂ ਵਿੱਚ ਭਾਰੀ ਬਾਰਿਸ਼ ਹੋਈ ਜਿਸ ਨਾਲ ਪਿਛਲੇ ਕਈ ਦਿਨਾਂ ਤੋਂ ਅੱਤ ਦੀ ਗਰਮੀ ਝੱਲ ਰਹੇ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ। ਇਸ ਤੋਂ ਪਹਿਲਾਂ ਅੱਜ ਸਵੇਰੇ ਆਸਮਾਨ ਵਿੱਚ ਕਾਲੇ ਬੱਦਲ ਛਾਏ ਰਹੇ। ਹਾਲਾਂਕਿ ਤੇਜ਼ ਹਵਾਵਾਂ ਚੱਲਣ ਨਾਲ ਸਾਰਾ ਆਸਮਾਨ ਮਿੱਟੀ ਘੱਟੇ ਨਾਲ ਭਰਿਆ ਹੋਇਆ ਸੀ ਪਰ ਬਾਅਦ ਵਿੱਚ ਬਾਰਿਸ਼ ਹੋਣ ਨਾਲ ਮਿੱਟੀ ਘੱਟਾ ਹੇਠਾਂ ਬੈਠਣ ਨਾਲ ਵਾਤਾਵਰਣ ਸਾਫ਼-ਸੁਥਰਾ ਤੇ ਸੁਹਾਵਣਾ ਲੱਗਣ ਲੱਗ ਪਿਆ ਹੈ। ਇਸਦੇ ਨਾਲ ਹੀ ਬਾਰਿਸ਼ ਹੋਣ ਨਾਲ ਧਰਤੀ ਵਿੱਚੋਂ ਨਿਕਲਣ ਵਾਲੇ ਸੇਕ ਦਾ ਪ੍ਰਭਾਵ ਵੀ ਘਟ ਗਿਆ ਹੈ। ਬਾਰਿਸ਼ ਨੂੰ ਵੇਖ ਦੇ ਸਾਰਿਆਂ ਦੇ ਮੂੰਹੋਂ 'ਸ਼ੁੱਕਰ ਹੈ ਰੱਬਾ' ਦਾ ਸ਼ਬਦ ਹੀ ਨਿਕਲਿਆ। ਇਸ ਬਾਰਿਸ਼ ਨਾਲ ਕਿਸਾਨਾਂ ਦੇ ਚਿਹਰਿਆਂ 'ਤੇ ਰੌਣਕ ਆ ਗਈ ਹੈ। ਇਸ ਤੋਂ ਇਲਾਵਾ ਬਾਰਿਸ਼ ਕਾਰਨ ਸੜਕਾਂ 'ਤੇ ਪਾਣੀ ਖੜ੍ਹਾ ਹੋ ਗਿਆ ਹੈ ਅਤੇ ਆਵਾਜਾਈ (ਬਾਕੀ ਸਫਾ 2 'ਤੇ)



# ਅਨੰਤਨਾਗ 'ਚ ਪਥਰਾਅ, ਫਿਰ ਲਗਾਇਆ ਗਿਆ ਕਰਫਿਊ

ਸ੍ਰੀਨਗਰ, 4 ਜੁਲਾਈ (ਵਿਸ਼ਵ ਵਾਰਤਾ)-ਅਨੰਤਨਾਗ ਵਿੱਚ ਅੱਜ ਸਵੇਰੇ ਦੋ ਘੰਟੇ ਲਈ ਕਰਫਿਊ ਵਿੱਚ ਢਿੱਲ ਦਿੱਤੀ ਗਈ ਪਰ ਨੌਜਵਾਨਾਂ ਦੇ ਕੁਝ ਸਮੂਹਾਂ ਨੇ ਪੁਲਿਸ ਨਾਲ ਸੰਘਰਸ਼ ਕਾਰਨ ਅਧਿਕਾਰੀਆਂ ਨੂੰ ਦੁਬਾਰਾ ਕਰਫਿਊ ਲਗਾਉਣਾ ਪਿਆ। ਵਾਦੀ ਦੇ ਹੋਰ ਸਥਾਨਾਂ 'ਤੇ ਸਥਿਤੀ ਸ਼ਾਂਤੀਪੂਰਨ ਬਣੀ ਰਹੀ। ਬਾਰਾਮੂਲਾ, ਸੋਪੋਰ, ਕੁਲਗਾਮ, ਕੋਈਮੋਹ ਅਤੇ ਸ੍ਰੀਨਗਰ ਦੇ ਪੁਰਾਣੇ ਖੇਤਰਾਂ ਵਿੱਚ ਕਰਫਿਊ ਪੂਰੀ ਤਰ੍ਹਾਂ ਹਟਾ ਲਿਆ ਗਿਆ ਹੈ। ਅਧਿਕਾਰੀਆਂ ਨੇ ਸਵੇਰੇ ਅੱਠ ਵਜੇ ਤੋਂ ਕਰਫਿਊ ਵਿੱਚ ਢਿੱਲ ਦਿੱਤੀ ਸੀ ਜਿਸ ਤੋਂ ਬਾਅਦ ਅਨੰਤਨਾਗ ਵਿੱਚ ਨੌਜਵਾਨਾਂ ਦਾ ਇੱਕ ਸਮੂਹ ਲਾਲ ਚੌਕ 'ਤੇ ਸੜਕਾਂ 'ਤੇ ਉਤਰ ਆਇਆ ਅਤੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਪੁਲਿਸ ਨੇ ਦੱਸਿਆ ਕਿ ਇਲਾਕੇ ਵਿੱਚ ਤਾਇਨਾਤ ਪੁਲਿਸ ਅਤੇ ਅਰਧ-ਸੈਨਿਕ ਬਲਾਂ ਨੇ ਭੀੜ ਨੂੰ ਤਿੱਤਰ-ਬਿੱਤਰ ਕਰਨ ਦਾ ਯਤਨ ਕੀਤਾ ਜਿਸ ਤੋਂ ਬਾਅਦ ਪ੍ਰਦਰਸ਼ਨਕਾਰੀ ਪਥਰਾਅ ਕਰਨ ਲੱਗੇ ਅਤੇ ਅਧਿਕਾਰੀਆਂ ਨੂੰ ਦੁਬਾਰਾ ਕਰਫਿਊ ਲਗਾਉਣਾ ਪਿਆ। ਅਨੰਤਨਾਗ ਵਿੱਚ 20 ਜੂਨ ਨੂੰ ਪ੍ਰਦਰਸ਼ਨਕਕਾਰੀ ਅਤੇ ਸੁਰੱਖਿਆ ਬਲਾਂ ਵਿਚਾਲੇ ਸੰਘਰਸ਼ ਦੌਰਾਨ ਤਿੰਨ ਪ੍ਰਦਰਸ਼ਨਕਾਰੀਆਂ ਦੀ ਮੌਤ ਹੋ ਗਈ ਸੀ, ਜਿਸ ਤੋਂ ਬਾਅਦ ਸ਼ਹਿਰ ਵਿੱਚ ਕਰਫਿਊ ਲਗਾ ਦਿੱਤਾ ਗਿਆ ਸੀ। ਪੁਲਿਸ ਨੇ ਦੱਸਿਆ ਕਿ ਅੱਠ ਵਜੇ ਤੋਂ ਪੁਲਵਾਮਾ ਅਤੇ ਰਾਜਪੋਰਾ ਕਸਬੇ ਵਿੱਚ ਕਰਫਿਊ ਵਿੱਚ ਢਿੱਲ ਦਿੱਤੀ ਗਈ ਸੀ। ਇਸ ਦੌਰਾਨ ਉਥੋਂ ਕਿਸੇ ਅਣਸੁਖਾਵੀਂ ਘਟਨਾ ਦੀ ਸੂਚਨਾ ਨਹੀਂ ਮਿਲੀ।

## ਪੈਟਰੋਲੀਅਮ ਕੀਮਤਾਂ 'ਚ ਵਾਧੇ ਖ਼ਿਲਾਫ਼

# ਭਾਰਤ ਬੰਦ ਅੱਜ

## ਵਾਧਾ ਵਾਪਸ ਨਹੀਂ ਲਵਾਂਗੇ-ਸਰਕਾਰ ਅੜੀ

ਨਵੀਂ ਦਿੱਲੀ, 4 ਜੁਲਾਈ (ਇਂਟ.)-ਐਨ.ਡੀ. ਏ. ਵੱਲੋਂ ਸੋਮਵਾਰ ਨੂੰ ਕੀਤੇ ਜਾਣ ਵਾਲੇ ਪ੍ਰਸਤਾਵਿਤ ਭਾਰਤ ਬੰਦ ਦੇ ਸੱਦੇ 'ਤੇ ਦੇਸ਼ ਭਰ 'ਚ ਵਿਰੋਧੀ ਧਿਰ ਵੱਲੋਂ ਲਾਮਬੰਦੀ ਕੀਤੀ ਗਈ ਹੈ। ਲੇਕਿਨ ਸਰਕਾਰ ਨੇ ਐਤਵਾਰ ਨੂੰ ਆਪਣੀ ਅੜੀ 'ਤੇ ਕਾਇਮ ਰਹਿੰਦਿਆਂ ਕਿਹਾ ਕਿ ਪੈਟਰੋਲੀਅਮ ਪਦਾਰਥਾਂ ਦੇ ਭਾਅ 'ਚ ਕੀਤਾ ਗਿਆ ਵਾਧਾ ਵਾਪਸ ਨਹੀਂ ਲਿਆ ਜਾਵੇਗਾ। ਇਸੇ ਦੌਰਾਨ ਐਸ.ਐਫ.ਆਈ. ਨੇ ਕਿਹਾ ਹੈ ਕਿ ਉਹ ਭਾਰਤ ਬੰਦ 'ਚ ਸ਼ਾਮਲ ਹੋਵੇਗੀ ਅੱਜ ਇੱਥੋਂ ਐਸ ਐਫ ਆਈ ਦੇ ਸੂਬਾ ਦਫ਼ਤਰ ਤੋਂ ਜਾਰੀ ਇਕ ਪ੍ਰੈਸ ਬਿਆਨ ਵਿਚ ਐਸ ਐਫ ਆਈ ਦੇ ਸੂਬਾ ਸਕੱਤਰ ਸਵਰਨਜੀਤ ਸਿੰਘ ਦਲਿਓ ਅਤੇ ਸੂਬਾ ਪ੍ਰਧਾਨ ਗੁਰਪਾਲ ਸਿੰਘ ਧਾਲੀਵਾਲ ਨੇ ਕੇਂਦਰ ਸਰਕਾਰ ਵੱਲੋਂ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਵਧਾਉਣ ਅਤੇ ਪੈਟਰੋਲ ਅਤੇ ਡੀਜ਼ਲ ਨੂੰ ਸਰਕਾਰੀ ਕੰਟਰੋਲ ਤੋਂ ਮੁਕਤ ਕਰਨ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਜਿੱਥੇ ਪਹਿਲਾਂ ਹੀ ਮੱਧ ਵਰਗੀ ਪਰਿਵਾਰਾਂ ਦੇ ਬੱਚੇ ਪੜ੍ਹਾਈ ਦਾ ਖਰਚਾ ਨਾ ਉਠਾਉਣ ਕਰਕੇ ਸਰਕਾਰੀ ਨੀਤੀਆਂ ਕਾਰਨ ਪਹਿਲਾਂ ਹੀ ਪੜ੍ਹਾਈ ਛਡ ਰਹ ਹਨ ਉਥੇ ਪੈਟਰਲ, ਡੀਜ਼ਲ, ਮਿਟੀ ਦੇ ਤਲ ਦੀਆਂ ਕੀਮਤਾਂ ਅਤੇ ਰਸੋਈ ਗੈਸ 'ਚ ਕੀਤੇ ਵਾਧੇ ਕਾਰਨ ਮੱਧ ਵਰਗੀ ਪਰਿਵਾਰਾਂ 'ਤੇ ਹੋਰ ਮਾਰ ਪਵੇਗੀ ਅਤੇ ਪੜ੍ਹਾਈ ਤੋਂ ਹੋਰ ਦੂਰ ਹੋਣਗੇ। ਉਨ੍ਹਾਂ ਕਿਹਾ ਕਿ ਤੇਲ ਦੀਆਂ ਕੀਮਤਾਂ 'ਚ ਕੀਤੇ ਵਾਧੇ ਵਿਰੁੱਧ ਖੱਬੀਆਂ ਪਾਰਟੀਆਂ ਅਤੇ ਹੋਰ ਜਮਹੂਰੀ ਅਤੇ ਧਰਮ ਨਿਰੱਪਖ ਸ਼ਕਤੀਆਂ ਦੇ ਸੱਦੇ 'ਤੇ 5 ਜੁਲਾਈ ਨੂੰ ਕੀਤੇ ਜਾ ਰਹੇ ਭਾਰਤ ਬੰਦ ਵਿਚ ਯੂਨੀਅਨ ਪੂਰੀ ਸ਼ਕਤੀ ਨਾਲ ਸ਼ਾਮਲ ਹੋਵੇਗੀ। ਉਨ੍ਹਾਂ ਆਪਣੀਆਂ ਸਾਰੀਆਂ ਐਸ ਐਫ ਆਈ ਦੀਆਂ ਯੂਨਿਟਾਂ ਨੂੰ ਅਪੀਲ ਕੀਤੀ ਕਿ ਤੇਲ ਕੀਮਤਾਂ ਦੇ ਵਾਧੇ ਵਿਰੁਧ ਕੀਤੇ ਜਾ ਰਹੇ 5 ਜੁਲਾਈ ਦੇ ਬੰਦ ਨੂੰ ਸਫਲ ਕਰਨ ਲਈ ਕੋਈ ਕਸਰ ਬਾਕੀ ਨਾ ਛੱਡਣ ਵਿਦਿਅਕ ਸੰਸਥਾਵਾਂ ਵਿਚ ਹੜਤਾਲ ਕਰਕੇ ਇਸ ਬੰਦ ਦੇ ਐਕਸ਼ਨ ਵਿਚ ਸ਼ਾਮਲ ਹੋਣ।

**ਚੰਡੀਗੜ੍ਹ ਤੋਂ ਹਰੀਸ਼ ਚੰਦਰ ਬਾਗਾਵਾਲਾ ਅਨੁਸਾਰ**-ਅੱਜ ਇੱਥੋਂ ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ (ਸੀਟੂ) ਦੇ ਸੂਬਾ ਦਫ਼ਤਰ ਤੋਂ ਜਾਰੀ ਇਕ ਪ੍ਰੈਸ ਬਿਆਨ ਵਿਚ ਯੂਨੀਅਨ ਦੀ ਸੂਬਾ ਪ੍ਰਧਾਨ ਊਸ਼ਾ ਰਾਣੀ, ਜਨਰਲ (ਬਾਕੀ ਸਫਾ 2 'ਤੇ)

# ਰਿਫਾਇਨਰੀ ਦਾ ਨਾਮ 'ਗੁਰੂ ਗੋਬਿੰਦ ਸਿੰਘ ਰਿਫਾਇਨਰੀ ਪ੍ਰੋਜੈਕਟ' ਹੀ ਰਹੇਗਾ

ਚੰਡੀਗੜ੍ਹ,4 ਜੁਲਾਈ (ਹਰੀਸ਼ ਚੰਦਰ ਬਾਗਾਵਾਲਾ)-ਪ੍ਰੈਸ ਦੇ ਇੱਕ ਹਿੱਸੇ ਵਿਚ 3 ਜੁਲਾਈ ਨੂੰ ਬਠਿੰਡਾ ਰਿਫਾਇਨਰੀ ਪ੍ਰੋਜੈਕਟ ਦੇ ਨਾਮ ਨੂੰ ਬਦਲਕੇ ਐਚ.ਪੀ.ਸੀ.ਐਲ.-ਮਿੱਤਲ ਐਨਰਜੀ ਲਿਮਟਡ ਕਰਨ ਬਾਰੇ ਪ੍ਰਕਾਸ਼ਿਤ ਖ਼ਬਰ ਸਹੀ ਨਹੀਂ ਹੈ।ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਰਿਫਾਇਨਰੀ ਦਾ ਨਾਮ 'ਗੁਰੂ ਗੋਬਿੰਦ ਸਿੰਘ ਰਿਫਾਇਨਰੀ ਪ੍ਰੋਜੈਕਟ' ਹੀ ਰਹੇਗਾ।ਇਹ ਪ੍ਰੋਜੈਕਟ ਪਹਿਲਾਂ ਐਚ.ਪੀ.ਸੀ.ਐਲ. ਵੱਲੋਂ ਲਾਗੂ ਕੀਤਾ ਗਿਆ ਸੀ ਪਰ ਬਾਅਦ ਵਿਚ ਐਚ.ਪੀ.ਸੀ.ਐਲ. ਵੱਲੋਂ ਮਿੱਤਲ ਐਨਰਜ਼ੀ ਨਾਲ ਹੱਥ ਮਿਲਾਇਆ ਗਿਆ ਅਤੇ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਨੂੰ ਚਲਾਉਣ ਲਈ ਇੱਕ ਸਾਂਝੀ ਕੰਪਨੀ ਐਚ.ਪੀ.ਸੀ.ਐਲ. -' ਮਿੱਤਲ ਐਨਰਜ਼ੀ ਬਣਾਈ ਗਈ।ਕੰਪਨੀ ਵੱਲੋਂ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਲਿਮਟਡ ਦਾ (ਬਾਕੀ ਸਫਾ 2 'ਤੇ)

# ਆਖਿਰ ਕਾਬੂ ਆ ਹੀ ਗਿਆ ਭਾਜਪਾ 'ਚ ਤਰਥੱਲੀ ਮਚਾ ਰਿਹਾ ਜਿਨਾਹ ਦਾ ਜਿੰਨ





ਨਵੀਂ ਦਿੱਲੀ, 4 ਜੁਲਾਈ (ਵਿਸ਼ਵ ਵਾਰਤਾ)-ਭਾਜਪਾ ਪ੍ਰਧਾਨ ਨਿਤਿਨ ਗਡਕਰੀ ਨੇ ਜਸਵੰਤ ਸਿੰਘ ਦੀ ਜਿਨਾਹ ਸੰਬੰਧੀ ਕਿਤਾਬ ਨੂੰ ਬੰਦ ਹੋ ਚੁੱਕਾ ਅਧਿਆਏ ਕਰਾਰ ਦਿੰਦਿਆਂ ਕਿਹਾ ਕਿ ਉਹਨਾਂ ਵਰਗੇ ਨੇਤਾ ਦੀ ਵਾਪਸੀ ਪਾਰਟੀ ਨੂੰ ਮਜ਼ਬੂਤ ਕਰੇਗੀ। ਭਾਜਪਾ ਵਿੱਚ ਰਾਮ ਜੇਠਮਲਾਨੀ ਅਤੇ ਜਸਵੰਤ ਸਿੰਘ ਵਰਗੇ ਨੇਤਾਵਾਂ ਦੀ ਵਾਪਸੀ ਦੇ ਪ੍ਰਸ਼ਨ 'ਤੇ ਗਡਕਰੀ ਨੇ ਕਿਹਾ- ਲੋਕਾਂ ਨੂੰ ਪਾਰਟੀ ਨਾਲ ਜੋੜਨਾ, ਪਾਰਟੀ ਨੂੰ ਮਜ਼ਬੂਤੀ ਦੇਣ ਵਾਲਾ ਕਦਮ ਹੈ, ਇਹ ਪਾਰਟੀ ਲਈ ਚੰਗਾ ਹੈ। ਸਾਬਕਾ ਰੱਖਿਆ ਮੰਤਰੀ ਜਸਵੰਤ ਵੱਲੋਂ ਆਪਣੀ ਕਿਤਾਬ ਵਿੱਚ ਪਾਕਿਸਤਾਨ ਦੇ ਸੰਸਥਾਪਕ ਐਮ.ਏ. ਜਿਨਾਹ ਦੀ ਪ੍ਰਸ਼ੰਸਾ ਕਰਨਾ ਅਤੇ ਇਸ ਦੇ ਲਈ ਮੁਆਫ਼ੀ ਨਾ ਮੰਗਣ ਦੇ ਸਵਾਲ 'ਤੇ ਭਾਜਪਾ ਪ੍ਰਧਾਨ ਨੇ ਕਿਹਾ- ਇਹ ਮੁੱਦਾ ਪੁਰਾਣਾ ਹੋ ਚੁੱਕਾ ਹੈ ਤੇ ਇਹ ਮਾਮਲਾ ਵੀ ਖ਼ਤਮ ਹੋ ਚੁੱਕਾ ਹੈ। ਇਸ ਵਿਚਾਰ ਤੋਂ ਅਲੱਗ, ਉਹ ਪਾਰਟੀ ਪ੍ਰਤੀ ਸਮਰਪਿਤ ਹਨ। ਜ਼ਿਕਰਯੋਗ ਹੈ ਕਿ ਜਸਵੰਤ ਸਿੰਘ ਨੂੰ ਇਸੇ ਕਿਤਾਬ ਦੇ ਚਲਦੇ 10 ਮਹੀਨੇ ਪਹਿਲਾਂ ਪਾਰਟੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ।

# ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮਹਾਰਾਜ ਦੇ 415ਵੇਂ ਪ੍ਰਕਾਸ਼ ਉਤਸਵ ਸਬੰਧੀ ਸੰਤ ਸਮਾਗਮ ਆਯੋਜਿਤ

ਜਲੰਧਰ, 4 ਜੁਲਾਈ (ਮਨੀ)-ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮਹਾਰਾਜ ਦੇ 415ਵੇਂ ਪ੍ਰਕਾਸ਼ ਉਤਸਵ ਦੇ ਸਬੰਧ ਵਿੱਚ ਗੁਰਦੁਆਰਾ ਪੰਜ ਤੀਰਥ ਸਾਹਿਬ ਪਾਤਸ਼ਾਹੀ ਛੇਵੀਂ ਜੰਡੂ ਸਿੰਘਾ ਵਿਖੇ ਸੰਤ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸੰਤ ਸਮਾਗਮ ਵਿੱਚ ਮਹਾਂਪੁਰਸ਼ਾਂ ਤੋਂ ਇਲਾਵਾ ਰਾਗੀ ਜੱਥਿਆਂ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤ ਨੂੰ ਨਿਹਾਲ ਕੀਤਾ। ਵਿਸ਼ੇਸ਼ ਤੌਰ 'ਤੇ ਪਹੁੰਚੇ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ ਜਥੇ. ਸ੍ਰੀ ਅਕਾਲ ਤਖਤ ਸਾਹਿਬ, ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਜੀ, ਜਥੇਦਾਰ ਸ੍ਰੀ ਪਟਨਾ ਸਾਹਿਬ, ਸਿੰਘ ਸਾਹਿਬ ਗਿਆਨੀ ਤ੍ਰਿਲੋਚਨ ਸਿੰਘ ਜੀ ਜਥੇਦਾਰ ਸਰੀ ਕੇਸਗੜ੍ਹ ਸਾਹਿਬ, ਬਾਬਾ ਹਰਨਾਮ ਸਿੰਘ ਜੀ ਮੁਖੀ ਦਮਦਮੀ ਟਕਸਾਲ ਆਦਿ ਨੇ ਸੰਗਤ ਨੂੰ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰੂ ਸਾਹਿਬਾਨਾ ਦੁਆਰਾ ਦਰਸਾਏ ਗਏ ਮਾਰਗ ਤੇ ਚੱਲਣ, ਬਾਣੀ ਤੇ ਬਾਣੇ ਨਾਲ ਜੁੜਨ, ਅੰਮ੍ਰਿਤਧਾਰੀ ਹੋਣ ਦੀ (ਬਾਕੀ ਸਫਾ 2 'ਤੇ)



(ਫੋਟੋ : ਪਿਆਰੇ ਲਾਲ)

# ਸ਼੍ਰੋਮਣੀ ਕਮੇਟੀ ਚੋਣਾਂ ਲਈ ਅਕਾਲੀ ਲੀਡਰਸ਼ਿਪ ਗੁਰਦਾਸਪੁਰ 'ਚ

ਗੁਰਦਾਸਪੁਰ 4 ਜੁਲਾਈ (ਅ.ਬ.)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਬੰਧੀ ਸ਼੍ਰੋਮਣੀ ਅਕਾਲੀ ਦਲ ਹਾਈ ਕਮਾਂਨ ਵੱਲੋਂ ਨਿਯੁਕਤ ਚੋਣ ਅਬਜ਼ਰਵਰ ਜਥੇਦਾਰ ਤੋਤਾ ਸਿੰਘ ਸਾਬਕਾ ਮੰਤਰੀ ਪੰਜਾਬ ਦੀ ਪ੍ਰਧਾਨਗੀ ਹੇਠ ਅੱਜ ਸਥਾਨਕ ਪੰਚਾਇਤ ਭਵਨ ਵਿਖੇ ਜ਼ਿਲੇ ਨਾਲ ਸਬੰਧਤ ਸੀਨੀਅਰ ਅਕਾਲੀ ਲੀਡਰਸ਼ਿੱਪ ਮੀਟਿੰਗ ਆਯੋਜਿਤ ਕੀਤੀ ਗਈ। ਜਿਸ ਵਿੱਚ ਹੋਰਨਾਂ ਤੋਂ ਇਲਾਵਾਂ ਸ. ਨਿਰਮਲ ਸਿੰਘ ਕਾਹਲੋਂ ਸਪੀਕਰ ਪੰਜਾਬ ਵਿਧਾਨ ਸਭਾ, ਸ. ਸੇਵਾ ਸਿੰਘ ਸੇਖਵਾਂ ਸੂਚਨਾ ਤੇ ਲੋਕ ਸੰਪਰਕ ਮੰਤਰੀ ਪੰਜਾਬ, ਸ. ਸੁੱਚਾ ਸਿੰਘ ਲੰਗਾਹ ਖੇਤੀਬਾੜੀ ਮੰਤਰੀ ਪੰਜਾਬ, ਸ. ਲਖਬੀਰ ਸਿੰਘ ਲੋਧੀਨੰਗਲ ਵਿਧਾਇਕ ਕਾਦੀਆਂ, ਸ. ਬਲਬੀਰ ਸਿੰਘ ਬਾਠ ਵਿਧਾਇਕ ਸ੍ਰੀਹਰਗੋਬਿੰਦਪੁਰ, ਸ. ਸੁਖਬੀਰ ਸਿੰਘ ਵਾਹਲਾ ਚੇਅਰਮੈਨ ਸ਼ੁਗਰਫੈਂਡ ਪੰਜਾਬ, ਸ. ਤਰਲੋਕ ਸਿੰਘ ਬਾਠ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਗੁਰਦਾਸਪੁਰ, ਸ. ਗੁਰਪ੍ਰਤਾਪ ਸਿੰਘ ਖੁਸ਼ਹਾਲਪੁਰ ਚੇਅਰਮੈਨ ਲੇਬਰਫੈਂਡ (ਬਾਕੀ ਸਫਾ 2 'ਤੇ)

# ਸੌਦਾ ਸਾਧ ਦੀ ਨਾਮ ਚਰਚਾ ਤੋਂ ਗੜ੍ਹਸ਼ੰਕਰ 'ਚ ਸਥਿਤੀ ਤਣਾਅਮਈ

## ਸਿੱਖ ਜਥੇਬੰਦੀਆਂ 'ਚ ਰੋਸ, ਪੁਲਿਸ ਤਾਇਨਾਤ



ਗੜ੍ਹਸ਼ੰਕਰ 4 ਜੁਲਾਈ (ਰਮਨਦੀਪ ਸਿੰਘ ਅਰੋੜਾ)- ਅੱਜ ਇਥੇ ਸਥਾਂਨਕ ਵਾਰਡ ਨੰਬਰ 9 ਦੇ ਵਸਨੀਕ ਦੇ ਘਰ ਸੋਦਾ ਸਾਧ ਗੁਰਮੀਤ ਰਾਮ ਰਹੀਮ ਦੇ ਨਾਮ ਚਰਚਾ ਨੂੰ ਲੈ ਕੇ ਸ਼ਹਿਰ 'ਚ ਤਨਾਵ ਦੀ ਸਥੀਤੀ ਬਣ ਗਈ ਅਤੇ ਸਥਾਂਨਕ ਪੁਲਿਸ ਵਲੋਂ ਸਹਿਰ ਨੂੰ ਪੁਲਸ ਸ਼ਾਉਣੀ 'ਚ ਤਬਦੀਲ ਕਰ ਦਿੱਤਾ। ਇਹ ਵਾਕਿਆ ਸਵੇਰ 8 ਵਜੇ ਦੇ ਕਰੀਬ ਵਾਪਰਿਆ। ਇਸ ਸਮਾਗਮ ਨੂੰ ਲੈ ਕੇ ਸਿੱਖ ਜਥੇਬੰਦੀਆਂ 'ਚ ਭਾਰੀ ਰੋਸ ਸੀ ਜਿਸ ਕਰਕੇ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂਆ ਵਲੋਂ ਮੌਕੇ ਤੇ ਪਹੁੰਚ ਨਾਮ ਚਰਚਾ ਨੂੰ ਬੰਦ ਕਰਵਾਇਆ, ਸ਼ਥਿਤੀ ਨੂੰ ਕਾਬੂ ਕਰਣ ਲਈ ਸਥਾਨਕ (ਬਾਕੀ ਸਫਾ 2 'ਤੇ)

# ਬਿਹਾਰ: ਇੱਕੋ ਪਰਿਵਾਰ ਦੇ 6 ਜੀਆਂ ਦੀ ਹੱਤਿਆ

ਪਟਨਾ, 4 ਜੁਲਾਈ (ਵਿਸ਼ਵ ਵਾਰਤਾ)-ਬਿਹਾਰ ਦੇ ਮੁਜ਼ੱਫਰਨਗਰ ਸ਼ਹਿਰ ਵਿੱਚ ਅੱਜ ਤੜਕੇ ਇੱਕੋ ਪਰਿਵਾਰ ਦੇ 6 ਜੀਆਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਪੁਲਿਸ ਨੇ ਦੱਸਿਆ ਕਿ ਪਟਨਾ ਤੋਂ ਲਗਭਗ 70 ਕਿਲੋਮੀਟਰ ਦੂਰ ਮੁਜ਼ੱਫਰਨਗਰ ਦੇ ਖ਼ਬਰਾ ਇਲਾਕੇ ਵਿੱਚ ਅਣਪਛਾਤੇ ਹਮਲਾਵਰਾਂ ਨੇ 6 ਲੋਕਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਹੈ। ਇਸ ਹੱਤਿਆਕਾਂਡ ਤੋਂ ਬਾਅਦ ਖੇਤਰ ਵਿੱਚ ਤਣਾਅ ਫੈਲ ਗਿਆ ਹੈ। ਸਥਾਨਿਕ ਲੋਕ ਦੋਸ਼ੀਆਂ ਨੂੰ ਛੇਤੀ ਤੋਂ ਛੇਤੀ ਗ੍ਰਿਫ਼ਤਾਰ ਕਰਨ ਦੀ ਮੰਗ ਕਰ ਰਹੇ ਹਨ।

# ਮੇਰੀ ਜ਼ਿੰਦਗੀ ਦਾ ਸਭ ਤੋਂ ਬੁਰਾ ਦਿਨ ਸੀ-ਮਾਰਾਡੋਨਾ



ਕੇਪਟਾਊਨ, 4 ਜੁਲਾਈ (ਇਂਟ.)-ਫੁੱਟਬਾਲ ਵਰਲਡ ਕੱਪ ਦੇ ਕੁਆਟਰ ਫਾਈਨਲ 'ਚ ਜਰਮਂ ਦੇ ਹੱਥੋਂ ਸ਼ਰਮਨਾਕ ਹਾਰ ਦੇ ਬਾਵਜੂਦ ਟੁੱਟ ਚੁੱਕੇ ਅਰਜਨਟੀਨਾ ਦੇ ਕੋਚ ਡਿਆਗੋ ਮਾਰਡੋਨਾ ਨੇ ਕਿਹਾ ਕਿ ਸ਼ਨੀਵਾਰ ਦਾ ਦਿਨ ਉਨ੍ਹਾਂ ਦੀ ਜ਼ਿੰਦਗੀ ਦਾ ਸਭ ਤੋਂ ਬੁਰਾ ਦਿਨ ਰਿਹਾ। ਜਰਮਨੀ ਤੋਂ 4-0 ਦੇ ਫਰਕ ਨਾਲ ਹਾਰਨ ਦੇ ਬਾਅਦ ਪ੍ਰੈਸ ਕਾਨਫਰੰਸ 'ਚ ਮਾਰਡੋਨਾ ਨੇ ਕਿਹਾ ਕਿ 30 ਅਕਤੂਬਰ ਨੂੰ ਮੈਂ 50 ਸਾਲ ਦਾ ਹੋਣ ਜਾ ਰਿਹਾ ਹਾਂ। ਇਸ ਦੌਰਾਨ ਅੱਜ ਦਾ ਦਿਨ ਮੇਰੀ ਜ਼ਿੰਦਗੀ ਦਾ ਸਭ ਤੋਂ ਬੁਰਾ ਅਨੁਭਵ ਰਿਹਾ ਹੈ। ਅਰਜਨਟੀਨਾ ਦੇ ਕੋਚ ਨੇ ਕਿਹਾ ਕਿ ਹਾਲਾਂਕਿ, ਜਿਸ ਦਿਨ ਮੈਂ ਫੁੱਟਬਾਲ ਖੇਡਣਾ ਛੱਡਿਆ ਸੀ ਉਹ ਦਿਨ ਵੀ ਬਹੁਤ ਹੀ ਕਸ਼ਟਦਾਇਕ ਸੀ ਪਰ ਜਰਮਨੀ ਤੋਂ ਹਾਰ ਦੇ ਬਾਅਦ ਮੈਨੂੰ ਸਭ ਤੋਂ ਜ਼ਿਆਦਾ ਦੁੱਖ ਹੋਇਆ ਹੈ। ਮਾਰਾਡੋਨਾ ਨੇ ਕਿਹਾ ਕਿ ਅੱਜ ਦੀ ਹਾਰ ਮੇਰੇ 'ਤੇ ਮੁਹੰਮਦ ਅਲੀ ਦੇ ਮੁੱਕੇ ਦੀ ਤਰ੍ਹਾਂ (ਬਾਕੀ ਸਫਾ 2 'ਤੇ)

# ਨੰਬਰਦਾਰ ਤੇ ਪੰਚ ਸਮੇਤ ਸਰਕਾਰੀ ਗਲੀ ਨੂੰ ਪੁੱਟਣ ਦੇ ਦੋਸ਼ ਵਿੱਚ 4 ਵਿਰੁੱਧ ਮੁਕੱਦਮਾ ਦਰਜ

ਬੁੱਲੋਵਾਲ, 4 ਜੁਲਾਈ (ਰਾਕੇਸ਼ ਬੇਦੀ)-ਬੁੱਲ੍ਹੋਵਾਲ ਤੋਂ ਥੋੜ੍ਹੀ ਦੂਰ ਪਿੰਡ ਪੰਡੋਰੀ ਬਾਵਾ ਦਾਸ ਵਿਖੇ ਪੰਚਾਇਤ ਵੱਲੋਂ ਬਣਾਈ ਗਈ ਸਰਕਾਰੀ ਗਲੀ ਨੂੰ ਪੁੱਟਣ ਦੇ ਦੋਸ਼ ਤਹਿਤ 4 ਵਿਅਕਤੀਆਂ ਦੇ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ। ਪਿੰਡ ਪੰਡੋਰੀ ਬਾਵਾ ਦਾਸ ਦੀ ਸਰਪੰਚ ਮਨਜੀਤ ਕੌਰ ਵੱਲੋਂ ਬੁੱਲੋਵਾਲ ਥਾਣੇ ਵਿੱਚ ਦਿੱਤੀ ਗਈ ਦਰਖਾਸਤ ਮੁਤਾਬਕ ਨੰਬਰਦਾਰ ਰਤਨ ਲਾਲ ਸੋਨੀ ਪੁੱਤਰ ਰੋਢੋ ਰਾਮ, ਰਜਿੰਦਰ ਸਿੰਘ (ਤੋਤਾ) ਪੁੱਤਰ ਰੋਢੋ ਰਾਮ ਦਰਸ਼ਨ ਸਿੰਘ ਪੁੱਤਰ ਉਜਾਗਰ ਸਿੰਘ, ਸਰਬਜੀਤ ਸਿੰਘ ਸਾਰੇ ਵਾਸੀ ਪੰਡੋਰੀ ਬਾਵਾ ਦਾਸ ਆਦਿ ਨੇ ਹੋਰ ਵਿਅਕਤੀਆਂ ਦੀ ਮੱਦਦ ਨਾਲ ਕਹੀਆਂ ਸੱਬਲਾਂ ਨਾਲ ਹਜ਼ਾਰਾਂ ਲੱਖਾਂ ਰੁਪਏ ਦੀ ਲਾਗਤ ਨਾਲ ਸਰਕਾਰ ਵੱਲੋਂ ਦਿੱਤੀ ਹੋਈ ਨਾਲ ਤਾਜਾ ਬਣਾਈ ਹੋਈ ਗਲੀ ਤੇ ਨਾਲੀ ਨੂੰ ਪੁੱਟ ਦਿੱਤਾ ਹੈ ਅਤੇ ਸਰਪੰਚ ਮਨਜੀਤ ਕੌਰ ਨੂੰ ਵੀ ਬੁਰਾ ਭਲਾ ਤੇ ਗਾਲੀ ਗਲੋਚ ਕੀਤਾ, ਜਿਸ ਦੇ ਆਧਾਰ 'ਤੇ ਪੁਲਿਸ ਨੇ ਤਫਤੀਸ਼ ਕਰਕੇ ਰਤਨ ਲਾਲ (ਬਾਕੀ ਸਫਾ 2 'ਤੇ)

# ਸਵਿਟਜ਼ਰਲੈਂਡ 'ਚ 'ਗਾਂਧੀ' ਵੇਚ ਰਹੇ ਨੇ ਬਲੈਕਬੈਰੀ



ਅਹਿਮਦਾਬਾਦ, 4 ਜੁਲਾਈ (ਵਿਸ਼ਵ ਵਾਰਤਾ)-ਮੋਂਟ ਬਲੈਕ ਲਿਮਟਿਡ ਨਾਮਕ ਕੰਪਨੀ ਦੇ ਪੇਨ 'ਤੇ ਮਹਾਤਮਾ ਗਾਂਧੀ ਦੀ ਤਸਵੀਰਾਂ ਦੇ ਵਪਾਰਿਕ ਇਸਤੇਮਾਲ ਤੋਂ ਬਾਅਦ ਇਸੇ ਤਰ੍ਹਾਂ ਦਾ ਇੱਕ ਨਵਾਂ ਵਿਵਾਦ ਸਾਹਮਣੇ ਆ ਗਿਆ ਹੈ। ਸੂਤਰਾਂ ਅਨੁਸਾਰ ਸਵਿਸ ਟਾਲੀਕਾਮ ਕੰਪਨੀ ਬਲੈਕਬੈਰੀ ਦੇ ਵਿਗਿਆਪਨ ਮੁਹਿੰਮ ਵਿੱਚ ਬਾਪੂ ਦੀ ਸਾਖ਼ ਨੂੰ ਖ਼ਰਾਬ ਕਰ ਰਿਹਾ ਹੈ। ਸੂਤਰਾਂ ਨੇ ਦੱਸਿਆ ਕਿ ਗਾਂਧੀ ਦੇ ਚਿੱਤਰਾਂ ਵਾਲੇ ਪੋਸਟਰਾਂ ਦਾ ਸਵਿਟਜ਼ਰਲੈਂਡ ਦੇ ਸਵਿਸਕਾਮ ਟੈਲੀਫੋਨ ਬੂਥਾਂ 'ਤੇ ਲਗਾਇਆ ਗਿਆ ਹੈ। ਇਹਨਾਂ ਪੋਸਟਰਾਂ 'ਤੇ ਬਾਪੂ ਦੀ ਤਸਵੀਰ ਦੇ ਨਾਲ ਲਿਖਿਆ ਗਿਆ ਹੈ ਕਿ 'ਅੱਛਾਈ ਦਾ ਪ੍ਰਸਾਰ ਕਰਨਾ ਆਸਾਨ ਨਹੀਂ ਹੁੰਦਾ ਹੈ।' ਨਾਲ ਹ ੀ ਵਿਗਿਆਪਨ ਵਿੱਚ ਲਿਖਿਆ ਗਿਆ ਹੈ ਕਿ ਹੁਣ ਤੁਹਾਡੇ (ਬਾਕੀ ਸਫਾ 2 'ਤੇ)

# ਫਿਲੀਪੀਂਸ : ਸੜਕ ਹਾਦਸੇ 'ਚ 15 ਦੀ ਮੌਤ

ਮਨੀਲਾ, 4 ਜੁਲਾਈ (ਵਿਸ਼ਵ ਵਾਰਤਾ)-ਫਿਲੀਪੀਂਸ ਦੇ ਸੇਬੂ ਪ੍ਰਾਂਤ ਵਿੱਚ ਖਚਾਖਚ ਭਰੀ ਇੱਕ ਬੱਸ ਦੇ ਦੀਵਾਰ ਨਾਲ ਟਕਰਾਅ ਜਾਣ ਨਾਲ 15 ਲੋਕਾਂ ਦੀ ਮੌਤ ਹੋ ਗਈ ਹੈ। ਪੁਲਿਸ ਮੁਤਾਬਿਕ ਸੇਬੂ ਪ੍ਰਾਂਤ ਦੇ ਟੋਲੇਡੋ ਸ਼ਹਿਰ ਵਿੱਚ ਬੱਸ ਦੀ ਬ੍ਰੇਕ ਫੇਲ੍ਹ ਹੋ ਜਾਣ ਤੋਂ ਬਾਅਦ ਉਹ ਰਾਜਮਾਰਗ ਦੇ ਨੇੜੇ ਹੀ ਇੱਕ ਦੀਵਾਰ ਨਾਲ ਜਾ ਟਕਰਾਈ। ਜਾਂਚਕਰਤਾਵਾਂ ਮੁਤਾਬਿਕ ਬੱਸ ਵਿੱਚ 53 ਯਾਤਰੀਆਂ ਦੇ ਬੈਠਣ ਦੀ ਜਗ੍ਹਾ ਸੀ ਪਰ ਉਸ ਵਿੱਚ 60 ਤੋਂ ਜ਼ਿਆਦਾ ਲੋਕ ਸਵਾਰ ਸਨ। ਇਸ ਹਾਦਸੇ ਤੋਂ ਬਾਅਦ 10 ਲੋਕਾਂ ਦੀ ਮੌਤ ਘਟਨਾ ਸਥਾਨ 'ਤੇ ਹੀ ਹੋ ਗਈ ਜਦਕਿ ਪੰਜ ਲੋਕਾਂ ਦੀ ਮੌਤ ਹਸਪਤਾਲ ਵਿੱਚ ਇਲਾਜ ਦੌਰਾਨ ਹੋਈ ਜਦਕਿ 48 ਲੋਕਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਜ਼ਿਕਰਯੋਗ ਹੈ ਕਿ ਪਿਛਲੇ ਤਿੰਨ ਹਫ਼ਤਿਆਂ ਵਿੱਚ ਸੇਬੂ ਵਿੱਚ ਹੋਣ ਵਾਲੀ ਚੌਥਾ ਸੜਕ ਹਾਦਸਾ ਹੈ।

## ਜ਼ਿਲ੍ਹਾ ਮਾਨਸਾ ਦੇ ਪੱਤਰਕਾਰਾਂ ਲਈ ਜ਼ਰੂਰੀ ਸੂਚਨਾ



ਜ਼ਿਲ੍ਹਾ ਮਾਨਸਾ ਨੂੰ 'ਅੱਜ ਦੀ ਆਵਾਜ਼' ਵਿਚ ਵਧੇਰੇ ਕਵਰੇਜ ਦੇਣ ਲਈ ਇਕ ਨਵੀਂ ਯੋਜਨਾ ਬਣਾਈ ਜਾ ਰਹੀ ਹੈ। ਇਸ ਯੋਜਨਾ ਤਹਿਤ ਮਾਨਸਾ ਵਿਖੇ ਜ਼ਿਲ੍ਹਾ ਉਪ-ਦਫਤਰ ਬਣਾਇਆ ਗਿਆ ਹੈ, ਜਿਸ ਦੇ ਇੰਚਾਰਜ ਸ੍ਰੀ ਰਾਜੇਸ਼ ਗੁਪਤਾ ਹਨ। ਮਾਨਸਾ ਵਿਚ ਪੈਂਦੇ ਸਟੇਸ਼ਨ ਬੁਢਲਾਡਾ, ਸਰਦੂਲਗੜ੍ਹ, ਝੁਨੀਰ, ਬਰੇਟਾ, ਬੋਹਾ, ਜੋਗਾ ਅਤੇ ਭੀਖੀ ਵਿਚ ਪੱਤਰਕਾਰਾਂ ਨੂੰ ਹੋਰ ਸਰਗਰਮ ਕੀਤਾ ਜਾ ਰਿਹਾ ਹੈ। ਖਾਲੀ ਸਟੇਸ਼ਨਾਂ ਤੋਂ ਪੱਤਰਕਾਰਤਾ ਦੇ ਚਾਹਵਾਨ ਜ਼ਿਲ੍ਹਾ ਦਫਤਰ ਵਿਚ ਸ੍ਰੀ ਰਾਜੇਸ਼ ਗੁਪਤਾ ਨਾਲ ਸੰਪਰਕ ਕਰ ਸਕਦੇ ਹਨ। ਇਸ ਸਬੰਧ ਵਿਚ ਹੀ ਜ਼ਿਲ੍ਹਾ ਮਾਨਸਾ ਦੇ ਪੱਤਰਕਾਰਾਂ ਦੀ ਇਕ ਜ਼ਰੂਰੀ ਬੈਠਕ 10 ਜੁਲਾਈ 2010 ਨੂੰ ਸਵੇਰੇ 11 ਵਜੇ ਉਪ-ਦਫਤਰ 'ਅੱਜ ਦੀ ਆਵਾਜ਼', ਨਿਊ ਕੋਰਟ ਰੋਡ, ਸਾਹਮਣੇ ਗਲੀ ਨੰਬਰ 4, ਮਾਨਸਾ ਵਿਖੇ ਰੱਖੀ ਗਈ ਹੈ। ਇਸ ਮੀਟਿੰਗ ਵਿਚ ਅਖਬਾਰ ਦੇ ਵਿਸਥਾਰ ਲਈ ਚਰਚਾ ਹੋਵੇਗੀ। ਵਧੇਰੇ ਜਾਣਕਾਰੀ ਲਈ ਮੋਬਾਈਲ ਨੰਬਰ 98763-90010, 98763-20013 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਬੁਢਲਾਡਾ ਵਿਸ਼ੇਸ਼ ਸਪਲੀਮੈਂਟ 27 ਜੁਲਾਈ ਨੂੰ







ਸਵਰਗਵਾਸੀ ਸ. ਗੁਰਚਰਨ ਸਿੰਘ ਕੋਹਲੀ ਪੱਤਰਕਾਰ ਦੀ ਤੀਜੀ ਬਰਸੀ ਤੇ ਵਿਸ਼ੇਸ਼ ਸਪਲੀਮੈਂਟ ਕੱਢਿਆ ਜਾ ਰਿਹਾ। ਜਿਸ ਵਿੱਚ ਇਸ਼ਤਿਹਾਰ ਦੇਣ ਲਈ ਸ. ਦਵਿੰਦਰ ਸਿੰਘ ਕੋਹਲੀ ਪੱਤਰਕਾਰ ਬੁਢਲਾਡਾ 98158-22564, ਪੱਤਰ ਕੁਲਵਿੰਦਰ ਸਿੰਘ ਚਹਿਲ ਰੱਲੀ, 98158-45639 ਨੰਬਰਾਂ 'ਤੇ ਇਨ੍ਹਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਲਓ, ਹੁਣ ਬੀਅਰ ਵੀ ਹੋ ਗਈ ਮਹਿੰਗੀ

ਨਵੀਂ ਦਿੱਲੀ, 4 ਜੁਲਾਈ (ਇਂਟ.)-ਜੇਕਰ ਪੀਣ ਵਾਲਿਆਂ ਨੂੰ ਪੀਣ ਦਾ ਬਹਾਨਾ ਚਾਹੀਦਾ ਹੈ ਤਾਂ ਫਿਰ ਸੋਚੋ ਕਿ ਸਰਕਾਰ ਨੂੰ ਵੀ ਇਨ੍ਹਾਂ ਪੀਣ ਵਾਲਿਆਂ ਤੋਂ ਜ਼ਿਆਦਾ ਵਸੂਲੀ ਦਾ ਬਹਾਨਾ ਚਾਹੀਦਾ ਹੈ। ਹੁਣ ਜਿਸ ਤੇਜ਼ੀ ਨਾਲ ਮਹਿੰਗਾਈ ਵੱਧ ਰਹੀ ਹੈ ਤਾਂ ਵੀ ਸ਼ਰਾਬ ਦੀਆਂ ਕੀਮਤਾਂ ਵੀ ਕਿਸ ਤਰ੍ਹਾਂ ਘੱਟ ਰਹਿ ਸਕਦੀਆਂ ਹਨ, ਮਸਲਨ ਮੌਕਾ ਵੀ ਹੈ ਅਤੇ ਦਸਤੂਰ ਵੀ। ਇਸੇ ਗੱਲ ਨੂੰ ਮੱਦੇਨਜ਼ਰ ਰੱਖਦੇ ਹੋਏ ਰਾਜਧਾਨੀ 'ਚ ਬੀਅਰ ਦੀਆਂ ਕੀਮਤਾਂ ਵਧਾ ਦਿੱਤੀਆਂ ਗਈਆਂ ਹਨ ਇਸ ਬੜੌਤਰੀ ਨਾਲ ਸਰਕਾਰ ਨੂੰ ਹਰ ਸਾਲ ਕਰੀਬ 250 ਕਰੋੜ ਰੁਪਏ ਦੀ ਜ਼ਿਆਦਾ ਆਮਦਨੀ ਹੋਣ ਦੀ ਸੰਭਾਵਨਾ ਹੈ। ਹੁਣ ਬੀਅਰ ਦੀ ਪੂਰੀ ਬੋਤਲ 10 ਰੁਪਏ ਅਤੇ ਛੋਟੀ ਬੋਤਲ 'ਤੇ 5 ਰੁਪਏ ਵਧਾ ਦਿੱਤੇ ਗਏ ਹਨ। ਦਿੱਲੀ 'ਚ ਬੀਅਰ ਦੀ ਖਪਤ ਲਗਾਤਾਰ ਵੱਧ ਰਹੀ ਹੈ ਅਤੇ ਜ਼ਹਿਰ ਹੈ ਕਿ ਸਰਕਾਰ ਦੇ ਮੂੰਹ 'ਚ ਵੀ ਪਾਣੀ ਆ ਗਿਆ। ਦਿੱਲੀ ਵਾਲੇ ਹਰ ਮਹੀਨੇ ਲਗਭਗ 15 ਲੱਖ ਕ੍ਰੇਟ ਮਤਲਬ 1 ਕਰੋੜ 80 ਲੱਖ ਬੋਤਲ ਪੀ ਜਾਂਦੇ ਹਨ। ਇਹ ਖਪਤ ਲਗਾਤਾਰ ਵੱਧਦੀ ਜਾ ਰਹੀ ਹੈ। ਅਪ੍ਰੈਲ 'ਚ ਲਗਭਗ 14.80 ਲੱਖ ਕ੍ਰੇਟ ਬੀਅਰ ਵਿਕੀ ਸੀ (ਬਾਕੀ ਸਫਾ 2 'ਤੇ)

## ਇੱਕ ਮਹੀਨੇ 'ਚ ਪੀ ਗਏ 1.83 ਕਰੋੜ ਦੀ ਬੀਅਰ

ਨਵੀਂ ਦਿੱਲੀ-ਮਾਨਸੂਨ ਆਉਣ ਤੋਂ ਪਹਿਲਾਂ ਤਪਦੀ ਗਰਮੀ ਤੋਂ ਪ੍ਰੇਸ਼ਾਨ ਦਿੱਲੀ 'ਚ ਬੀਅਰ ਦੀ ਵਿਕਰੀ ਨੇ ਨਵਾਂ ਰਿਕਾਰਡ ਕਾਇਮ ਕੀਤਾ ਹੈ। ਐਕਸਾਈਜ਼ ਵਿਭਾਗ ਦੇ ਅਨੁਸਾਰ ਪਿਛਲੇ ਇੱਕ ਮਹੀਨੇ ਦੇ ਦੌਰਾਨ ਦਿੱਲੀ 'ਚ ਸਰਕਾਰੀ ਬੀਅਰ ਦੀਆਂ ਦੁਕਾਨਾਂ ਤੋਂ ਕੁੱਲ 15 ਲੱਖ 26 ਹਜ਼ਾਰ ਪੇਟੀਆਂ ਤੋਂ ਜ਼ਿਆਦਾ ਬੀਅਰ ਵੇਚੀ ਗਈ ਹੈ। ਦਿੱਲੀ 'ਚ ਇੱਕ ਮਹੀਨੇ ਦੇ ਦੌਰਾਨ ਬੀਅਰ ਦੀ ਵਿਕਰੀ ਦਾ ਇਹ ਨਵਾਂ ਰਿਕਾਰਡ ਹੈ। ਐਕਸਾਈਜ਼ ਵਿਭਾਗ ਦੇ ਮੁਤਾਬਿਕ ਜੂਨ ਮਹੀਨੇ 'ਚ ਕੁੱਲ 15 ਲੱਖ 26 ਹਜ਼ਾਰ 763 ਪੇਟੀਆਂ ਬੀਅਰ ਵੇਚੀ ਗਈ ਸੀ ਜੋ ਕਿ ਪਿਛਲੇ ਅੰਕੜਿਆਂ ਤੋਂ ਲਗਭਗ ਚਾਰ ਹਜ਼ਾਰ ਜ਼ਿਆਦਾ ਹੈ। ਇੱਕ ਪੇਟੀ 'ਚ ਕੁੱਲ 12 ਬੋਤਲ ਬੀਅਰ ਆਉਂਦੀਆਂ ਹਨ। ਇਸ ਲਿਹਾਜ਼ ਨਾਲ ਦਿੱਲੀ ਵਾਸੀਆਂ ਨੇ ਜੂਨ ਦੇ ਮਹੀਨੇ 'ਚ ਕੁੱਲ 1 ਕਰੋੜ 83 ਲੱਖ 21 ਹਜ਼ਾਰ ਬੋਤਲਾਂ ਬੀਅਰ ਦੀਆਂ ਪੀ ਲਈਆਂ।

ਮੈਂ ਇਹ ਕਦੀ ਨਹੀਂ ਸੋਚਿਆ ਸੀ ਕਿ 12ਵੀਂ ਦੇ ਬਾਅਦ ਇੱਕ ਕੰਪਿਊਟਰ ਹਾਰਡਵੇਅਰ ਐਂਡ ਨੈਟਵਰਕਿੰਗ ਇੰਜੀਨੀਅਰ ਬਣਨਾ ਏਨਾ ਆਸਾਨ ਹੋਵੇਗਾ !



ਜੈਟਕਿੰਗ ਦੀ ਅਨੋਖੀ ਸਮਾਰਟਲੈਬ ਪਲੱਸ ਸਿਖਲਾਈ ਤਕਨੀਕ ਨੇ ਇਹ ਅਸਾਨ ਕਰ ਦਿੱਤਾ।



ਜੈਟਕਿੰਗ 'ਚ ਅਸੀਂ ਇਹ ਗੱਲ ਚੰਗੀ ਤਰ੍ਹਾਂ ਸਮਝਦੇ ਹਾਂ ਕਿ ਜੋ ਸਟੂਡੈਂਟਸ ਟੈਕਨੀਕਲ ਬੈਕਗਰਾਊਂਡ ਦੇ ਨਹੀਂ ਹੁੰਦੇ, ਉਨ੍ਹਾਂ ਲਈ ਕੰਪਿਊਟਰ ਸਿੱਖਣਾ ਥੋੜ੍ਹਾ ਮੁਸ਼ਕਿਲ ਹੋ ਸਕਦਾ ਹੈ, ਇਸ ਲਈ ਅਸੀਂ ਅਨੋਖੀ ਸਿਖਲਾਈ ਤਕਨੀਕ ਵਿਕਸਿਤ ਕੀਤੀ, ਜਿਸ ਨੂੰ ਕਹਿੰਦੇ ਹਨ ਸਮਾਰਟਲੈਬ ਪਲੱਸ, ਇਸ ਤਕਨੀਕ ਨਾਲ ਕੰਪਿਊਟਰ ਸਿੱਖਣਾ ਮਜ਼ੇਦਾਰ ਅਤੇ ਅਸਾਨ ਹੋ ਜਾਂਦਾ ਹੈ।

**ਸਿਖਲਾਈ 'ਚ ਸ਼ਾਮਲ ਹੈ : • ਪ੍ਰੈਕਟੀਕਲ • ਇੰਗਲਿਸ਼ ਸਪੀਕਿੰਗ • ਪਰਸਨੈਲਟੀ ਡਿਵੈਲਪਮੈਂਟ • ਇੰਟਰਵਿਊ ਸਕਿਲਜ਼**

100% JOB GUARANTEE

12-month JCHNE course (Full-time)
Jetking Certified Hardware & Networking Engineer)
Eligibility: 10+2 and above

Course details: • PC Hardware & OS Support Skills • Networking • MCITP (Windows Server 2008) • CCNA

ਮੁਫ਼ਤ ਸਲਾਹ ਅਤੇ ਪ੍ਰਾਸਪੈਕਟ ਲਈ ਆਓ

ਇੱਕ ਸਾਲ ਪੜ੍ਹਾਈ ਫਿਰ ਸ਼ੁਰੂ ਕਮਾਈ

Jetking®
India's No.1
Computer Hardware & Networking Institute

Ludhiana Centre : Kesar Complex, Near PVR Cinema, Gurdev Nagar, Ph. : 0161-5088565
Chandigarh Centre (Since 1992) : SCO 96-97, Sector 34 A, Behind Piccadily Cinema, Ph. : 0172-2608956